Punjabi

ਇੰਨਟੈਨਸਿਵ ਇੰਗਲਿਸ਼ ਲੈਂਗੁਏਜ ਪ੍ਰੋਗਰਾਮ

# ਪਰਿਵਾਰ ਦੀ ਜਾਣਕਾਰੀ ਲਈ ਹੈਂਡਬੁੱਕ







The Pines School

| | |
|---|---|
| **ਸਕੂਲ ਦਾ ਨਾਮ:** | The Pines School |
| **ਪਤਾ:** | 42 Andrew Smith Drive, Parafield Gardens  SA  5107 |
| **ਫੋਨ:** | (08) 8281 2199 Ext 3          Mobile:  0418 798 115 |
| **ਈਮੇਲ:** | Priyanka.Sharma459@schools.sa.edu.au |
| **ਸੰਪਰਕ ਫੋਨ ਨੰਬਰ:** | (08) 8281 5906 |

EALD

Government of South Australia
Department for Education

## ਸਵਾਗਤ ਹੈ The Pines School

### ਸਕੂਲ ਵਿਚ ਅਗਵਾਈ ਕਰਨ ਵਾਲੀ ਟੀਮ



**Cherie Collings**
**Principal**



**Sam Konnis**
**Deputy Principal**



**Priyanka Sharma**
**Assistant Principal, IELC**

# ਦੱਖਣੀ ਆਸਟ੍ਰੇਲੀਆ ਵਿੱਚ ਇੰਨਟੈਨਸਿਵ ਇੰਗਲਿਸ਼ ਪ੍ਰੋਗਰਾਮ ਅਤੇ ਨਵੇਂ ਆਉਣ ਵਾਲੇ ਲੋਕਾਂ ਵਾਸਤੇ ਪ੍ਰੋਗਰਾਮ ਬਾਰੇ

ਡਿਪਾਰਟਮੈਂਟ ਫ਼ਾਰ ਐਜੁਕੇਸ਼ਨ (ਸਿੱਖਿਆ ਵਿਭਾਗ), ਆਸਟ੍ਰੇਲੀਆ ਵਿੱਚ ਨਵੇਂ ਆਏ ਵਿਦਿਆਰਥੀਆਂ ਲਈ ਅੰਗਰੇਜ਼ੀ ਭਾਸ਼ਾ ਸਿਖਣ ਵਿਚ ਸਹਾਇਤਾ ਪ੍ਰਦਾਨ ਕਰਦਾ ਹੈ। ਤੁਸੀਂ ਆਪਣੇ ਬੱਚੇ ਦਾ ਦਾਖਲਾ ਇੰਨਟੈਨਸਿਵ ਇੰਗਲਿਸ਼ ਲੈਂਗੁਏਜ ਪ੍ਰੋਗਰਾਮ (ਆਈ.ਈ.ਐਲ.ਪੀ) ਵਾਲੇ ਸਕੂਲ ਜਾਂ ਨਿਊ ਅਰਾਇਵਲਸ ਪ੍ਰੋਗਰਾਮ (ਐਨ.ਏ.ਪੀ) ਵਾਲੇ ਕੇਂਦਰ ਵਿੱਚ ਕਰਵਾ ਸਕਦੇ ਹੋ ਜੇ ਉਹਨਾਂ ਨੂੰ ਮੁੱਖ ਧਾਰਾ ਦੀ ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ਆਪਣੀ ਅੰਗ੍ਰੇਜ਼ੀ ਵਿਕਸਤ ਕਰਨ ਲਈ ਸਹਾਇਤਾ ਦੀ ਲੋੜ ਹੈ।

ਤੁਹਾਡੇ ਬੱਚੇ ਨੂੰ ਇਹਨਾਂ ਵਿੱਚੋਂ ਕਿਸੇ ਇੱਕ ਵਿੱਚ ਸਹਾਇਤਾ ਮਿਲੇਗੀ:

- ਪ੍ਰਾਇਮਰੀ ਸਕੂਲ ਆਈ.ਈ.ਐਲ.ਪੀ ਕੇਂਦਰ (ਸ਼ੁਰੂ ਤੋਂ 6ਵੀਂ ਜਮਾਤ ਤੱਕ)
- ਸੈਕੰਡਰੀ ਸਕੂਲ ਐਨ.ਏ.ਪੀ ਕੇਂਦਰ (ਜਮਾਤ 7 ਤੋਂ 12 ਤੱਕ)।

## ਉਦੇਸ਼

ਆਈ.ਈ.ਐਲ.ਪੀ ਅਤੇ ਐਨ.ਏ.ਪੀ ਵਿਦਿਆਰਥੀਆਂ ਨੂੰ ਇਹ ਮੌਕਾ ਦਿੰਦੀ ਹੈ:

- ਮੁੱਖ ਧਾਰਾ ਦੇ ਸਕੂਲਾਂ ਦੇ ਲਈ ਤਿਆਰੀ
- ਛੋਟੀਆਂ ਸ਼੍ਰੇਣੀਆਂ ਵਿਚ ਪਾਠਕ੍ਰਮ ਦੇ ਖੇਤਰਾਂ ਵਿਚ ਅੰਗਰੇਜ਼ੀ ਦੀ ਸਿੱਖਲਾਈ
- ਆਸਟ੍ਰੇਲੀਆ ਦੇ ਸਭਿਆਚਾਰਕ ਕੰਮਾਂ ਨੂੰ ਸਿੱਖਣਾ ਅਤੇ ਹਿੱਸਾ ਲੈਣਾ
- ਜਿੱਥੇ ਸੰਭਵ ਹੋਵੇ, ਪਹਿਲੀ (ਮਾਤਰ) ਭਾਸ਼ਾ ਵਿੱਚ ਸਹਾਇਤਾ ਪ੍ਰਾਪਤ ਕਰੋ
- ਆਸਟ੍ਰੇਲੀਆਈ ਸਮਾਜ ਵਿਚ ਰਹਿਣ ਲਈ ਆਤਮ ਵਿਸ਼ਵਾਸ ਪੈਦਾ ਕਰਨਾ

ਹੋਰ ਜਾਣਕਾਰੀ ਲਈ, ਸਕੂਲ ਨੂੰ ਇੱਕ ਆਈ.ਈ.ਐਲ.ਪੀ ਜਾਂ ਐਨ.ਏ.ਪੀ ਦੇ ਕਿਤਾਬਚੇ ਬਾਰੇ ਪੁਛੋ। ਇਹ 20 ਭਾਸ਼ਾਵਾਂ ਵਿੱਚ ਉਪਲਬਧ ਹੈ।

## ਆਈ.ਈ.ਐਲ.ਪੀ ਅਤੇ ਐਨ.ਏ.ਪੀ ਦੇ ਕੇਂਦਰ

ਐਡੀਲੇਡ ਵਿੱਚ ਕਈ ਵੱਖੋ ਵੱਖਰੇ ਸਥਾਨ ਹਨ ਜਿਨ੍ਹਾਂ ਵਿੱਚ ਸ਼ਾਮਲ ਹਨ:

- ਬਹੁਤ ਸਾਰੇ ਆਈ.ਈ.ਐਲ.ਪੀ ਪ੍ਰਾਇਮਰੀ ਸਕੂਲ ਕੇਂਦਰ
- ਇੱਕ ਐਨ.ਏ.ਪੀ ਸੈਕੰਡਰੀ ਸੈਂਟਰ (ਐਡੀਲੇਡ ਸੈਕੰਡਰੀ ਸਕੂਲ ਆਫ਼ ਇੰਗਲਿਸ਼)
- ਇੱਕ ਐਨ.ਏ.ਪੀ ਸੀਨੀਅਰ ਸੈਕੰਡਰੀ ਸੈਂਟਰ (ਥੈਬਰਟਨ ਸੀਨੀਅਰ ਕਾਲਜ)।

ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਨੂੰ ਆਪਣੇ ਘਰ ਦੇ ਸਭ ਤੋਂ ਨੇੜਲੇ ਆਈ.ਈ.ਐਲ.ਪੀ ਵਿੱਚ ਦਾਖਲਾ ਲੈਣਾ ਚਾਹੀਦਾ ਹੈ। ਜੇ ਤੁਸੀਂ ਕਿਸੇ ਨਵੇਂ ਪਤੇ ਤੇ ਜਾਂਦੇ ਹੋ, ਤਾਂ ਤੁਹਾਡੇ ਬੱਚੇ ਨੂੰ ਕਿਸੇ ਹੋਰ ਸਕੂਲ ਵਿੱਚ ਆਈ.ਈ.ਐਲ.ਪੀ ਵਿੱਚ ਦਾਖਲ ਹੋਣ ਦੀ ਲੋੜ ਹੋ ਸਕਦੀ ਹੈ।

## ਆਈ.ਈ.ਐਲ.ਪੀ ਜਾਂ ਐਨ.ਏ.ਪੀ ਵਿੱਚ ਰਹਿਣ ਦੀ ਮਿਆਦ

ਆਈ.ਈ.ਐਲ.ਪੀ ਜਾਂ ਐਨ.ਏ.ਪੀ ਵਿਚ ਰਹਿਣ ਦੀ ਲੰਬਾਈ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਆਸਟ੍ਰੇਲੀਆ ਪਹੁਚਣ ਸਮੇਂ ਤੁਹਾਡੇ ਬੱਚੇ ਨੇ ਕਿੰਨੀ ਸਕੂਲੀ ਪੜ੍ਹਾਈ ਕੀਤੀ ਹੈ ਅਤੇ ਉਨ੍ਹਾਂ ਦਾ ਅੰਗਰੇਜ਼ੀ ਦਾ ਪੱਧਰ ਕਿੰਨਾ ਹੈ। ਪ੍ਰਾਇਮਰੀ ਵਿਦਿਆਰਥੀ ਆਮ ਤੌਰ 'ਤੇ 12-18 ਮਹੀਨਿਆਂ ਲਈ ਆਈ.ਈ.ਐਲ.ਪੀ ਵਿੱਚ ਰਹਿੰਦੇ ਹਨ। ਸੈਕੰਡਰੀ ਵਿਦਿਆਰਥੀਆਂ ਲਈ ਇਹ ਸਮਾਂ 12-24 ਮਹੀਨੇ ਹੋ ਸਕਦਾ ਹੈ।

## ਜਮਾਤ ਨਿਰਧਾਰਤ ਕਰਨਾ

ਤੁਹਾਡੇ ਬੱਚੇ ਨੂੰ ਉਸ ਕਲਾਸ ਵਿੱਚ ਰੱਖਿਆ ਜਾਵੇਗਾ ਜੋ ਉਨ੍ਹਾਂ ਦੀ ਉਮਰ ਦੇ ਲਈ ਢੁਕਵੀਂ ਹੈ। ਕਲਾਸ ਵਿਚ ਵਿਦਿਆਰਥੀਆਂ ਦਾ ਇੰਗਲਿਸ਼ ਦਾ ਵੱਖ ਵੱਖ ਪੱਧਰ ਹੋਵੇਗਾ ਪਰ ਸਾਰੇ ਇਕੋ ਜਿਹੀ ਉਮਰ ਦੇ ਹੋਣਗੇ। ਇਹ ਮਹੱਤਵਪੂਰਨ ਹੈ ਕਿ ਤੁਹਾਡਾ ਬੱਚਾ ਆਪਣੀ ਉਮਰ ਦੇ ਦੋਸਤ ਲੱਭੇ।

## ਤਬਦੀਲੀ

ਜਦੋਂ ਤੁਹਾਡਾ ਬੱਚਾ ਮੁੱਖ ਧਾਰਾ ਦੀ ਕਲਾਸ ਵਿੱਚ ਜਾਣ ਲਈ ਤਿਆਰ ਹੋ ਜਾਂਦਾ ਹੈ, ਤਾਂ ਸਕੂਲ ਦੇ ਕਰਮਚਾਰੀ ਉਸਦਾ ਨਵੇਂ ਸਕੂਲ ਵਿੱਚ ਤਬਾਦਲਾ ਕਰਨ ਵਿੱਚ ਮਦਦ ਕਰਨਗੇ। ਇਹ ਆਮ ਤੌਰ ਤੇ ਤੁਹਾਡਾ ਸਥਾਨਕ ਸਕੂਲ ਹੋਵੇਗਾ। ਅਸੀਂ ਨਵੇਂ ਸਕੂਲ ਵਿੱਚ ਘੱਟੋ ਘੱਟ ਇੱਕ ਮੁਲਾਕਾਤ ਦਾ ਪ੍ਰਬੰਧ ਕਰਾਂਗੇ। ਜਦੋਂ ਤੁਹਾਡਾ ਬੱਚਾ ਨਵੇਂ ਸਕੂਲ ਨੂੰ ਸ਼ੁਰੂ ਕਰਦਾ ਹੈ, ਆਈ.ਈ.ਐਲ.ਪੀ / ਐਨ.ਏ.ਪੀ ਦਾ ਮੁਖੀ, ਨਵੇਂ ਅਧਿਆਪਕ ਨੂੰ ਐਗਜਿਟ ਰਿਪੋਰਟ ਭੇਜੇਗਾ।

## ਪਾਠਕ੍ਰਮ

ਆਈ.ਈ.ਐਲ.ਪੀ ਅਤੇ ਐਨ.ਏ.ਪੀ ਪਾਠਕ੍ਰਮ ਦਾ ਆਸਟਰੇਲੀਅਨ ਪਾਠਕ੍ਰਮ ਵਿੱਚਲੇ ਸਿੱਖਣ ਦੇ ਖੇਤਰਾਂ ਜਿਵੇਂ ਕਿ ਗਣਿਤ, ਸਿਹਤ ਜਾਂ ਭੂਗੋਲ ਦੀ ਭਾਸ਼ਾ ਦੀਆਂ ਜ਼ਰੂਰਤਾਂ ਤੇ ਜ਼ੋਰਦਾਰ ਧਿਆਨ ਹੈ।

ਅਧਿਆਪਕਾਂ ਨੂੰ ਅੰਗਰੇਜ਼ੀ ਭਾਸ਼ਾ ਦੇ ਵਿਕਾਸ ਦੇ ਕ੍ਰਮ ਦੀ ਸਮਝ ਹੈ ਅਤੇ ਤੁਹਾਡੇ ਬੱਚੇ ਨੂੰ ਸਮਾਜਿਕ ਸੰਚਾਰ ਪੂਰੇ ਪਾਠਕ੍ਰਮ ਵਿੱਚ ਸਿੱਖਣ ਲਈ ਤਿਆਰ ਕਰਨਗੇ।

ਨਵੇਂ ਵਿਦਿਆਰਥੀ ਪੂਰੇ ਸਾਲ ਵਿੱਚ ਕਿਸੇ ਵੀ ਸਮੇਂ ਅਰੰਭ ਕਰ ਸਕਦੇ ਹਨ। ਅਧਿਆਪਕ ਇੱਕ ਅੰਗਰੇਜ਼ੀ ਭਾਸ਼ਾ ਦਾ ਪ੍ਰੋਗਰਾਮ ਪ੍ਰਦਾਨ ਕਰਨਗੇ ਜੋ ਤੁਹਾਡੇ ਬੱਚੇ ਦੀ ਸਿੱਖਣ ਦੀਆਂ ਜ਼ਰੂਰਤਾਂ ਦੇ ਅਨੁਕੂਲ ਹੋਵੇ ਜਦੋਂ ਉਹ ਇਸ ਪ੍ਰੋਗਰਾਮ ਵਿੱਚ ਸ਼ੁਰੂ ਕਰਦੇ ਹਨ।

## ਪੜ੍ਹਾਉਣਾ ਤੇ ਮੁਲਾਂਕਣ ਕਰਨਾ

ਆਈ.ਈ.ਐਲ.ਪੀ ਅਤੇ ਐਨ.ਏ.ਪੀ ਦੇ ਅਧਿਆਪਕ ਵਾਧੂ ਭਾਸ਼ਾ ਵਜੋਂ ਅੰਗਰੇਜ਼ੀ ਸਿਖਾਉਣ ਵਿੱਚ ਬਹੁਤ ਹੁਨਰਮੰਦ ਹਨ। ਉਹ ਸਮਝਦੇ ਹਨ ਕਿ ਤੁਹਾਡੇ ਬੱਚੇ ਦਾ ਸਕੂਲ ਦਾ ਪਹਿਲਾਂ ਦਾ ਤਜਰਬਾ ਆਸਟ੍ਰੇਲੀਆ ਦੇ ਸਕੂਲਾਂ ਦੀਆਂ ਉਮੀਦਾਂ ਤੋਂ ਬਹੁਤ ਵੱਖਰਾ ਹੋਵੇਗਾ। ਅਧਿਆਪਕ ਵਿਦਿਆਰਥੀਆਂ ਨੂੰ ਕਲਾਸ ਦੇ ਵਿਚਾਰ-ਵਟਾਂਦਰੇ ਵਿਚ ਸ਼ਾਮਲ ਹੋਣ, ਸਵਾਲ ਪੁੱਛਣ, ਟੀਮਾਂ ਵਿਚ ਕੰਮ ਕਰਨ ਅਤੇ ਰਚਨਾਤਮਕ ਤੌਰ 'ਤੇ ਸੋਚਣ ਲਈ ਸਹਾਇਤਾ ਕਰਨਗੇ।

ਸਾਰੇ ਅਧਿਆਪਕ ਇੱਕ ਮੁਲਾਂਕਣ ਸਾਧਨ, (ਅੰਗਰੇਜ਼ੀ ਸਿੱਖਣਾ, ਸਫਲਤਾ ਅਤੇ ਕੁਸ਼ਲਤਾ)ਲਰਨਿੰਗ ਇੰਗਲਿਸ਼; ਅਚੀਵਮੈਂਟ ਐਂਡ ਪ੍ਰੋਫੀਸ਼ੈਂਸੀ (ਐਲ.ਈ.ਏ.ਪੀ) ਦੇ ਪੱਧਰਾਂ ਦੀ ਵਰਤੋਂ ਕਰਦੇ ਹਨ; ਅੰਗਰੇਜ਼ੀ ਸਿਖਾਉਣ ਅਤੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਮੁਲਾਂਕਣ ਕਰਨ ਲਈ। ਤੁਹਾਡੇ ਬੱਚੇ ਦੀ ਤਰੱਕੀ ਹਰ ਇਕ ਮਿਆਦ ਨੂੰ ਰਿਕਾਰਡ ਕੀਤੀ ਜਾਂਦੀ ਹੈ। ਆਈ.ਈ.ਐਲ.ਪੀ ਵਿੱਚ, ਅਧਿਆਪਕ ਸਿੱਖਿਆ ਨੂੰ ਰਿਕਾਰਡ ਕਰਨ ਲਈ, ਪ੍ਰਗਤੀ ਰਿਪੋਰਟ ਅਤੇ ਗਣਿਤ ਅਤੇ ਅੰਕਾਂ ਦੀ ਰਿਪੋਰਟਾਂ ਦੀ ਵਰਤੋਂ ਕਰਦੇ ਹਨ।









## ਦੋਭਾਸ਼ੀ ਸਕੂਲ ਸੇਵਾ ਅਧਿਕਾਰੀ

ਤੁਹਾਡੇ ਬੱਚੇ ਦੀ ਇੱਕ ਦੋਭਾਸ਼ੀ ਸਕੂਲ ਸੇਵਾਵਾਂ ਵਾਲੇ ਅਧਿਕਾਰੀ (ਬੀ ਐਸ ਐਸ ਓ) ਵਲੋਂ ਮਦੱਦ ਕੀਤੀ ਜਾਵੇਗੀ।

ਬੀ ਐਸ ਐਸ ਓ ਵਿਦਿਆਰਥੀਆਂ ਦੀ ਵੱਖਰੇ ਤੌਰ ਤੇ ਜਾਂ ਛੋਟੇ ਸਮੂਹਾਂ ਵਿੱਚ ਸਹਾਇਤਾ ਕਰਦੇ ਹਨ। ਉਹ ਸਕੂਲ, ਵਿਦਿਆਰਥੀਆਂ ਅਤੇ ਮਾਪਿਆਂ ਦਰਮਿਆਨ ਸੰਚਾਰ ਵਿੱਚ ਮਦਦ ਵੀ ਕਰਦੇ ਹਨ। ਤੁਹਾਡੇ ਬੱਚੇ ਦਾ ਸਕੂਲ ਹਰੇਕ ਅਵਧੀ ਵਿੱਚ ਤੁਹਾਡੇ ਬੱਚੇ ਨੂੰ ਲੋੜੀਂਦੀ ਸਹਾਇਤਾ ਦੇ ਪੱਧਰ ਦਾ ਫੈਸਲਾ ਕਰੇਗਾ। ਇਹ ਸਹਾਇਤਾ ਬੀ ਐਸ ਐਸ ਓ ਦੀ ਉਪਲਬਧਤਾ 'ਤੇ ਨਿਰਭਰ ਕਰਦੀ ਹੈ।

## ਸੈਰ-ਸਪਾਟਾ ਅਤੇ ਸਕੂਲ ਦੇ ਪ੍ਰੋਗਰਾਮ

ਸੈਰ -ਸਪਾਟੇ ਅਤੇ ਸਕੂਲ ਸਮਾਗਮਾਂ ਵਿੱਚ ਸ਼ਾਮਲ ਹੋਣਾ ਤੁਹਾਡੇ ਬੱਚੇ ਨੂੰ ਸਥਾਨਕ ਅਤੇ ਵੱਡੇ ਭਾਈਚਾਰੇ ਬਾਰੇ ਸਿੱਖਣ ਵਿੱਚ ਸਹਾਇਤਾ ਕਰੇਗਾ। ਇਹ ਪ੍ਰੋਗਰਾਮ ।ਆਈ.ਈ.ਐਲ.ਪੀ ਅਤੇ ਐਨ.ਏ.ਪੀ ਪਾਠਕ੍ਰਮ ਦਾ ਹਿੱਸਾ ਹਨ। ਇਹ ਤੁਹਾਡੇ ਬੱਚੇ ਲਈ ਸਭਿਆਚਾਰਕ ਪ੍ਰਥਾਵਾਂ ਨੂੰ ਸਮਝਣ ਅਤੇ ਭਾਗ ਲੈਣ ਲਈ ਲੋੜੀਂਦੀ ਭਾਸ਼ਾ ਸਿੱਖਣ ਦਾ ਇੱਕ ਮੌਕਾ ਹਨ।

## ਆਵਾਜਾਈ

ਤੁਹਾਡਾ ਬੱਚਾ ਸਕੂਲ ਤੋਂ ਮਿੰਨੀ ਬੱਸ ਜਾਂ ਟੈਕਸੀ ਵਿੱਚ ਆਣ -ਜਾਣ ਦੇ ਯੋਗ ਹੋ ਸਕਦਾ ਹੈ ਜੇ:

- ਉਹ 10 ਸਾਲ ਤੋਂ ਘੱਟ ਉਮਰ ਦਾ ਹੈ
- ਤੁਸੀਂ ਆਈ.ਈ.ਐਲ.ਪੀ ਕੇਂਦਰ ਤੋਂ 1.75 ਕਿਲੋਮੀਟਰ ਤੋਂ ਵੱਧ ਦੂਰ ਰਹਿੰਦੇ ਹੋ।

ਵਿਭਾਗ ਮਿੰਨੀ ਬੱਸ ਜਾਂ ਟੈਕਸੀ ਲਈ ਭੁਗਤਾਨ ਕਰੇਗਾ।

ਮਿੰਨੀ ਬੱਸ ਵਿਚ ਤੁਹਾਡੇ ਬੱਚੇ ਦੀ ਸੁਰੱਖਿਆ ਸਾਂਝੀ ਜ਼ਿੰਮੇਵਾਰੀ ਹੈ।

ਤੁਹਾਡੀ ਜ਼ਿੰਮੇਵਾਰੀ ਇਹ ਹੈ:

- ਆਪਣੇ ਬੱਚੇ ਨੂੰ ਤਿਆਰ ਰੱਖੋ ਅਤੇ  ਸਵੇਰੇ ਬੱਸ ਦੀ ਉਡੀਕ ਕਰਦੇ ਹੋਨ
- ਘਰ ਰਹੋ ਅਤੇ ਇਹ ਸੁਨਿਸ਼ਚਿਤ ਕਰੋ ਕਿ ਜਦੋਂ ਤੁਹਾਡਾ ਬੱਚਾ ਦੁਪਹਿਰ ਨੂੰ ਛੱਡਿਆ ਜਾਂਦਾ ਹੈ ਤਾਂ ਉਹ ਤੁਹਾਨੂੰ ਵੇਖ ਸਕਦਾ ਹੈ
- ਆਪਣੇ ਬੱਚਿਆਂ ਨਾਲ ਬੱਸਾਂ ਵਿੱਚ ਸੁਰੱਖਿਅਤ ਵਿਵਹਾਰ ਦੀ ਮਹੱਤਤਾ ਬਾਰੇ ਗੱਲ ਕਰੋ
- ਸਕੂਲ ਜਾਂ ਡਰਾਈਵਰ ਨੂੰ ਦੱਸੋ ਕਿ ਜੇਕਰ ਤੁਹਾਡੇ ਬੱਚੇ ਨੂੰ ਕਿਸੇ ਵੀ ਦਿਨ ਮਿੰਨੀ ਬੱਸ ਦੀ ਜ਼ਰੂਰਤ ਨਹੀਂ ਹੈ।

ਤੁਹਾਡੇ ਬੱਚੇ ਦੀ ਜ਼ਿੰਮੇਵਾਰੀ ਇਹ ਹੈ:

- ਡ੍ਰਾਈਵਰ ਦੀਆਂ ਹਿਦਾਇਤਾਂ ਦਾ ਪਾਲਣ ਕਰੋ
- ਸੀਟਬੈਲਟ ਨੂੰ ਲਗਾਉ ਅਤੇ ਸਫ਼ਰ ਕਰਦੇ ਸਮੇਂ ਇਸਨੂੰ ਲਾਈ ਰੱਖੋ
- ਹੋਲੀ ਗੱਲ ਕਰੋ
- ਮਿਨੀ ਬੱਸ ਵਿੱਚ ਖਾਣਾ ਅਤੇ ਪੀਣਾ ਨਹੀਂ ਹੈ
- ਖੜ੍ਹੇ ਨਾ ਹੋਵੋ ਜਾਂ ਸੀਟਾਂ ਨਾ ਬਦਲੋ
- ਸਰੀਰ ਦੇ ਕਿਸੇ ਵੀ ਅੰਗ ਨੂੰ ਖਿੜਕੀ ਦੇ ਬਾਹਰ ਨਾ ਕੱਢੋ।

ਡ੍ਰਾਈਵਰ ਉਹਨਾਂ ਵਿਦਿਆਰਥੀਆਂ ਦੀ ਰਿਪੋਰਟ ਕਰਦੇ ਹਨ ਜੋ ਇਹਨਾਂ ਨਿਯਮਾਂ ਦੀ ਪਾਲਣਾ ਨਹੀਂ ਕਰਦੇ। ਜੇ ਤੁਹਾਡਾ ਬੱਚਾ ਨਿਯਮਾਂ ਦੀ ਪਾਲਣਾ ਨਾ ਕਰਨਾ ਜਾਰੀ ਰੱਖਦਾ ਹੈ ਜਾਂ ਉਸਦਾ ਵਿਵਹਾਰ ਨਿਹਾਇਤ ਖਰਾਬ ਹੈ ਤਾਂ ਉਹ ਘੱਟੋ ਘੱਟ ਇੱਕ ਦਿਨ ਲਈ ਬੱਸ ਵਿੱਚ ਸਫ਼ਰ ਨਹੀਂ ਕਰ ਸਕੇਗਾ। ਜੇ ਅਜਿਹਾ ਹੁੰਦਾ ਹੈ ਤਾਂ ਤੁਹਾਨੂੰ ਦੱਸਿਆ ਜਾਵੇਗਾ।

ਤੁਹਾਡੇ ਬੱਚੇ ਨੂੰ ਸਕੂਲ ਛਡਣ ਅਤੇ ਲਿਆਣ ਦੀ ਜ਼ਿੰਮੇਵਾਰੀ ਤੁਹਾਡੀ ਹੋਵੇਗੀ ਜਦੋਂ ਤੱਕ ਉਨ੍ਹਾਂ ਨੂੰ ਦੁਬਾਰਾ ਮਿੰਨੀ ਬੱਸਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ।

# ਸਕੂਲ ਬਾਰੇ ਜਾਣਕਾਰੀ

## ਘੰਟੀ ਵਜਣ ਦਾ ਸਮਾਂ

| ਸਮਾਂ | ਗਤੀਵਿਧੀ |
|---|---|
| 08:30 am | ਵਿਦਿਆਰਥੀ ਸਕੂਲ ਦੇ ਮੈਦਾਨ ਵਿਚ ਦਾਖਲ ਹੋ ਸਕਦੇ ਹਨ |
| 08:40 am | ਸਕੂਲ ਸ਼ੁਰੂ |
| 08:50 am | ਪਾਠ |
| 10:40 am | ਅਰਾਮ ਲਈ ਬ੍ਰੇਕ |
| 11:00 am | ਪਾਠ |
| 12:40 pm | ਦੁਪਹਿਰ ਦਾ ਭੋਜਨ ਖਾਓ |
| 12:50 pm | ਲੰਚ ਬ੍ਰੇਕ |
| 01:20 pm | ਪਾਠ |
| 03:00 pm | ਛੁਟੀ |

## ਸਕੂਲ ਦਾ ਸਮਾਂ

| ਸੋਮਵਾਰ – ਸ਼ੁਕਰਵਾਰ |
|---|
| 08:50 am – 03:00 pm |

## ਹਾਜ਼ਰੀ ਅਤੇ ਗੈਰਹਾਜ਼ਰੀ

ਦੱਖਣੀ ਆਸਟ੍ਰੇਲੀਆ ਵਿਚ, 6 ਤੋਂ 17 ਸਾਲ ਦੀ ਉਮਰ ਦੇ ਸਾਰੇ ਵਿਦਿਆਰਥੀਆਂ ਨੂੰ ਕਾਨੂੰਨ ਤੌਰ ਤੇ ਨਿਯਮਿਤ ਸਕੂਲ ਜਾਣਾ ਚਾਹੀਦਾ ਹੈ। ਅਕਾਦਮਿਕ ਸਫਲਤਾ ਲਈ ਨਿਯਮਤ ਹਾਜ਼ਰੀ ਅਤੇ ਵਿਦਿਅਕ ਪ੍ਰੋਗਰਾਮਾਂ ਵਿਚ ਸਰਗਰਮ ਹਿੱਸੇਦਾਰੀ ਜ਼ਰੂਰੀ ਹੈ।

ਜੇ ਤੁਹਾਡਾ ਬੱਚਾ ਗ਼ੈਰ ਹਾਜ਼ਰੀ ਹੈ, ਤਾਂ ਕਿਰਪਾ ਕਰਕੇ ਸਕੂਲ ਨੂੰ ਫ਼ੋਨ ਜਾਂ ਲਿਖਤੀ ਰੂਪ ਵਿਚ ਸੂਚਿਤ ਕਰੋ।

ਜੇ ਤੁਸੀਂ ਜਾਣਦੇ ਹੋ ਕਿ ਤੁਹਾਡਾ ਬੱਚਾ ਪਰਿਵਾਰਕ ਕਾਰਨਾਂ ਕਰਕੇ 3 ਦਿਨਾਂ ਜਾਂ ਇਸ ਤੋਂ ਵੱਧ ਸਮੇਂ ਲਈ ਗੈਰਹਾਜ਼ਰ ਰਹੇਗਾ, ਤਾਂ ਤੁਹਾਡੇ ਬੱਚੇ ਦੇ ਗੈਰਹਾਜ਼ਰ ਹੋਣ ਤੋਂ ਪਹਿਲਾਂ, ਇੱਕ ਛੋਟ ਫਾਰਮ ਨੂੰ ਭਰਿਆ ਅਤੇ ਪ੍ਰਿੰਸੀਪਲ ਦੁਆਰਾ ਮਨਜ਼ੂਰ ਕੀਤਾ ਜਾਣਾ ਚਾਹੀਦਾ ਹੈ।

## ਦੇਰ ਨਾਲ ਪਹੁੰਚਣਾ ਅਤੇ ਜਲਦੀ ਲੈ ਜਾਣਾ

ਜੇ ਤੁਹਾਡਾ ਬੱਚਾ ਦੇਰ ਨਾਲ ਪਹੁੰਚਦਾ ਹੈ, ਤਾਂ ਉਸਨੂੰ:

- ☐ ਫਰੰਟ ਆਫਿਸ ਜਾਣਾ ਅਤੇ ਕਲਾਸਰੂਮ ਜਾਣ ਤੋਂ ਪਹਿਲਾਂ ਦੇਰ ਨਾਲ ਆਉਣ ਦੀ ਪਰਚੀ ਲੈਣੀ ਚਾਹੀਦੀ ਹੈ।
- ☐ ਉਸੇ ਵੇਲੇ ਕਲਾਸਰੂਮ ਵਿੱਚ ਜਾਣਾ ਚਾਹੀਦਾ ਹੈ।
- ☐ ਫਰੰਟ ਆਫਿਸ ਜਾਣਾ ਅਤੇ ਦੇਰ ਨਾਲ ਪਹੁੰਚਣ ਵਾਲੀ ਸ਼ੀਟ ਤੇ ਦਸਤਖਤ ਕਰਨੇ ਚਾਹੀਦੇ ਹਨ।
- ☐ ਵਿਦਿਆਰਥੀ ਦਫਤਰ ਵਿੱਚ ਸਾਈਨ ਇਨ ਕਰੋ।

ਜੇ ਤੁਹਾਡੇ ਬੱਚੇ ਨੂੰ ਛੇਤੀ ਜਾਣ ਦੀ ਲੋੜ ਹੈ, ਤਾਂ ਤੁਸੀਂ:

- ☐ ਫਰੰਟ ਆਫਿਸ ਵਿੱਚ ਕਿਤਾਬ ਤੇ ਦਸਤਖਤ ਕਰੋ।
- ☐ ਆਪਣੇ ਬੱਚੇ ਦੀ ਡਾਇਰੀ ਵਿੱਚ ਇੱਕ ਨੋਟ ਲਿਖ ਕੇ ਦਿਓ।
- ☐ ਫਰੰਟ ਆਫਿਸ ਤੋਂ ਛੇਤੀ ਜਾਣ ਦੀ ਪਰਚੀ ਲਵੋ ਅਤੇ ਕਲਾਸਰੂਮ ਟੀਚਰ ਕੋਲ ਲੈ ਕੇ ਜਾਓ।
- ☐ ਆਪਣੇ ਬੱਚੇ ਦੇ ਕਲਾਸਰੂਮ ਅਧਿਆਪਕ ਨਾਲ ਗੱਲ ਕਰੋ।
- ☐ ਆਪਣੇ ਬੱਚੇ ਨੂੰ ਵਿਦਿਆਰਥੀ ਦਫਤਰ ਵਿੱਚ ਸਾਈਨ ਆਉਟ ਕਰਨ ਲਈ ਕਹੋ।

## ਮੈਦਾਨ 'ਚ ਨਿਗਰਾਨੀ

ਵਿਦਿਆਰਥੀਆਂ ਨੂੰ 08:30am ਤੋਂ ਪਹਿਲਾਂ ਜਾਂ 03:20pm ਬਾਅਦ ਸਕੂਲ ਵਿਚ ਨਹੀਂ ਰਹਿਣਾ ਚਾਹੀਦਾ ਕਿਉਂਕਿ ਅਧਿਆਪਕ ਡਿਊਟੀ ਤੇ ਨਹੀਂ ਹਨ।

# ਵਿਦਿਆਰਥੀਆਂ ਦੀ ਸਿਹਤ ਅਤੇ ਸੁਰੱਖਿਆ

## ਬਚਿਆਂ ਲਈ ਸੁਰੱਖਿਅਤ ਵਾਤਾਵਰਨ

ਉਹ ਵਿਦਿਆਰਥੀਆਂ ਨੂੰ ਅਜਿਹੀਆਂ ਸਥਿਤੀਆਂ, ਸਮਗਰੀ ਅਤੇ ਅਭਿਆਸਾਂ ਬਾਰੇ ਸਿਖਾਉਂਦੇ ਹਨ ਜੋ ਖਤਰਨਾਕ ਹੋ ਸਕਦੇ ਹਨ। ਕਲਾਸਰੂਮ, ਖੇਡ ਦੇ ਮੈਦਾਨ ਜਾਂ ਡਿਜੀਟਲ ਮੀਡੀਆ ਵਿੱਚ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਂਦੀ। ਮਾਪਿਆਂ ਅਤੇ ਅਧਿਆਪਕਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਬੱਚਿਆਂ ਦੀ ਨਿਗਰਾਨੀ ਕਰਨ ਅਤੇ ਉਨ੍ਹਾਂ ਦੀ ਸੁਰੱਖਿਆ ਕਰਨ ਜਦੋਂ ਉਹ ਟੈਕਨਾਲੌਜੀ ਦੀ ਵਰਤੋਂ ਕਰ ਰਹੇ ਹੋਣ।

ਇਹ ਕਾਨੂੰਨ ਦੁਆਰਾ ਜਰੂਰੀ ਹੈ ਕੀ ਸਕੂਲ ਸਟਾਫ ਬਚਿਆਂ ਪ੍ਰਤੀ ਦੁਰਵਿਹਾਰ ਜਾਂ ਅਣਗਹਿਲੀ ਨੂੰ ਚਾਇਲਡ ਅਬਯੂਸ ਰਿਪੋਰਟ ਲਾਈਨ ਤੇ ਦਸਣ।

## ਐਮਰਜੈਂਸੀ ਪ੍ਰਕਿਰਿਆਵਾਂ

ਸਾਰੇ ਸਕੂਲ ਐਮਰਜੈਂਸੀ ਪ੍ਰਕਿਰਿਆਵਾਂ ਦਾ ਅਭਿਆਸ ਕਰਦੇ ਹਨ ਤਾਂ ਕਿ ਵਿਦਿਆਰਥੀਆਂ ਨੂੰ ਪਤਾ ਹੋਵੇ ਕਿ ਕੀ ਕਰਨਾਂ ਹੈ ਜੇ ਵਿਹੜੇ ਜਾਂ ਇਮਾਰਤਾ ਅਸੁਰੱਖਿਅਤ ਹਨ। ਇਮਾਰਤ ਖਾਲੀ ਕਰਨ ਦੇ ਅਭਿਆਸ ਦੌਰਾਨ, ਵਿਦਿਆਰਥੀ ਇਮਾਰਤ ਨੂੰ ਛੱਡ ਦਿੰਦੇ ਹਨ ਤੇ ਵਿਹੜੇ ਵਿਚ ਇਕੱਠੇ ਹੁੰਦੇ ਹਨ, ਜਿਵੇਂ ਕਿ ਅੱਗ ਲਗਣ ਦੇ ਸਮੇਂ। ਇਮਾਰਤ ਵਿਚ ਰਹਿਣ ਦੇ ਅਭਿਆਸ ਦੌਰਾਨ, ਵਿਦਿਆਰਥੀ ਯਾਰਡ ਛੱਡ ਦਿੰਦੇ ਹਨ ਅਤੇ ਇਮਾਰਤਾਂ ਵਿੱਚ ਸੁਰੱਖਿਅਤ ਰੱਖੇ ਜਾਂਦੇ ਹਨ।

ਮੁਲਾਕਾਤੀਆਂ ਨੂੰ ਫਰੰਟ ਆਫਿਸ ਤੇ' ਵਿਜ਼ਟਰਸ ਬੁੱਕ 'ਭਰਨ ਲਈ ਕਿਹਾ ਜਾਂਦਾ ਹੈ। ਇਸ ਤਰ੍ਹਾਂ ਸਟਾਫ ਜਾਣਦਾ ਹੈ ਕਿ ਸਕੂਲ ਵਿੱਚ ਕੌਣ ਹੈ ਜੇ ਕੋਈ ਐਮਰਜੈਂਸੀ ਵਾਪਰਦੀ ਹੈ।

## ਜੂਆਂ

ਸਾਲ ਦੇ ਕੁੱਝ ਸਮਿਆਂ 'ਤੇ ਸਿਰ ਦੀਆਂ ਜੂਆਂ ਆਮ ਹੁੰਦੀਆਂ ਹਨ। ਤੁਹਾਡੀ ਆਗਿਆ ਨਾਲ, ਸਟਾਫ਼ ਤੁਹਾਡੇ ਬੱਚੇ ਦੇ ਵਾਲਾਂ ਦੀ ਜਾਂਚ ਕਰੇਗਾ ਜੇਕਰ ਇਹਨਾਂ ਦੇ ਫੈਲਣ ਦਾ ਖਤਰਾ ਹੈ। ਜਦੋਂ ਸਿਰ ਦੀਆਂ ਜੂਆਂ ਮਿਲਦੀਆਂ ਹਨ, ਤਾਂ ਉਸ ਕਲਾਸ ਦੇ ਸਾਰੇ ਪਰਿਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਤਾਂ ਕਿ ਤੁਸੀਂ ਆਪਣੇ ਬੱਚੇ ਦੇ ਵਾਲਾਂ ਨੂੰ ਘਰ ਵਿਚ ਵੇਖ ਸਕੋ। ਜੇ ਤੁਹਾਡੇ ਬੱਚੇ ਦੇ ਸਿਰ ਵਿੱਚ ਜੂੰਆਂ ਹਨ, ਤਾਂ ਉਨ੍ਹਾਂ ਨੂੰ ਉਦੋਂ ਤੱਕ ਘਰ ਰਹਿਣਾ ਚਾਹੀਦਾ ਹੈ ਜਦੋਂ ਤੱਕ ਕਿਸੇ ਇਲਾਜ ਵਾਲੇ ਸ਼ੈਂਪੂ ਦੀ ਵਰਤੋਂ ਨਹੀਂ ਕੀਤੀ ਜਾਂਦੀ ਅਤੇ ਜੂਆਂ ਦੇ ਸਾਰੇ ਆਂਡੇ ਕੱਢ ਨਹੀਂ ਦਿੱਤੇ ਜਾਂਦੇ ਹਨ।



ਸਿਰ ਵਿਚ ਜੂਆਂ ਦੀ ਜਾਂਚ

## ਗਰਮ ਜਾਂ ਨਮ ਮੌਸਮ

ਜੇ ਬਹੁਤ ਗਰਮੀਂ ਜਾਂ ਮੀਂਹ ਹੈ, ਤਾਂ ਵਿਦਿਆਰਥੀ ਛੁੱਟੀ ਅਤੇ ਦੁਪਹਿਰ ਦੇ ਖਾਣੇ ਦੇ ਸਮੇਂ ਅੰਦਰ ਰਹਿੰਦੇ ਹਨ। ਉਨ੍ਹਾਂ ਦੀ ਨਿਗਰਾਨੀ ਅਧਿਆਪਕਾਂ ਦੁਆਰਾ ਕੀਤੀ ਜਾਂਦੀ ਹੈ।

## ਬਿਮਾਰੀ ਅਤੇ ਸਟ

ਜੇ ਤੁਹਾਡਾ ਬੱਚਾ ਬਿਮਾਰ ਹੈ ਤਾਂ ਇਹ ਜ਼ਰੂਰੀ ਹੈ ਕਿ ਉਹ ਘਰ ਰਹੇ ਤਾਂ ਜੋ ਬਿਮਾਰੀ ਦੂਜਿਆਂ ਵਿੱਚ ਨਾ ਫੈਲੇ।

ਕਿਰਪਾ ਕਰਕੇ ਸਕੂਲ ਨੂੰ ਦੱਸੋ ਕਿ ਕੀ ਤੁਹਾਡਾ ਜੇ ਬੱਚਾ ਗੈਰਹਾਜ਼ਰ ਰਹੇਗਾ।

ਜੇ ਤੁਹਾਡੇ ਬੱਚੇ ਨਾਲ ਸਕੂਲ ਵਿੱਚ ਕੋਈ ਦੁਰਘਟਨਾ ਹੁੰਦੀ ਹੈ ਜਾਂ ਉਹ ਬਿਮਾਰ ਹੋ ਜਾਂਦਾ ਹੈ, ਤਾਂ ਉਸਨੂੰ ਫਰੰਟ ਆਫਿਸ ਜਾਂ ਬਿਮਾਰਾਂ ਲਈ ਕਮਰੇ ਵਿੱਚ ਲਿਆਂਦਾ ਜਾਵੇਗਾ। ਤੁਹਾਡੇ ਬੱਚੇ ਦਾ ਇਲਾਜ ਕੀਤਾ ਜਾਵੇਗਾ ਅਤੇ ਜੇ ਲੋੜ ਪਵੇ ਤਾਂ ਤੁਹਾਨੂੰ ਫੋਨ ਕਰਕੇ ਉਨ੍ਹਾਂ ਨੂੰ ਘਰ ਲੈ ਜਾਣ ਲਈ ਕਿਹਾ ਜਾਵੇਗਾ। ਜੇ ਇਹ ਗੰਭੀਰ ਸੱਟ ਜਾਂ ਬਿਮਾਰੀ ਹੈ ਤਾਂ ਅਸੀਂ ਐਂਬੂਲੈਂਸ ਬੁਲਾਵਾਂਗੇ।



ਬਿਮਾਰਾਂ ਲਈ ਕਮਰੇ ਦੀਆਂ ਸਹੂਲਤਾਂ

## ਛੂਤ ਦੀਆਂ ਬਿਮਾਰੀਆਂ

ਸਕੂਲ ਦੇ ਪਹਿਲੇ ਕੁਝ ਸਾਲਾਂ ਵਿੱਚ ਬੱਚੇ ਨੂੰ ਵੱਖ -ਵੱਖ ਲਾਗ ਲੱਗ ਸਕਦੀ ਹੈ। ਦੂਜਿਆਂ ਨੂੰ ਸੁਰੱਖਿਅਤ ਰੱਖਣ ਲਈ, ਵਿਦਿਆਰਥੀਆਂ ਨੂੰ ਬਿਮਾਰ ਹੋਣ ਤੇ ਘਰ ਰਹਿਣਾ ਚਾਹੀਦਾ ਹੈ। ਤੁਹਾਡੇ ਬੱਚੇ ਨੂੰ ਘੱਟੋ ਘੱਟ ਅਵਧੀ ਘਰ ਰਹਿਣ ਦੀ ਜ਼ਰੂਰਤ ਹੋਏਗੀ, ਅਲੱਗ ਰਹਿਣ ਦੀ ਅਵਧੀ ਲਈ ਹੇਠਾਂ ਦੇਖੋ। ਤੁਹਾਡਾ ਡਾਕਟਰ ਪੁਸ਼ਟੀ ਕਰੇਗਾ ਕਿ ਤੁਹਾਡੇ ਬੱਚੇ ਨੂੰ ਘਰ ਵਿੱਚ ਕਿੰਨਾ ਚਿਰ ਆਰਾਮ ਕਰਨ ਦੀ ਲੋੜ ਹੈ।

| ਬਿਮਾਰੀ | ਘਰ ਰਹਿਣ ਦਾ ਸਮਾਂ |
|---|---|
| **ਛੋਟੀ ਮਾਤਾ** | ਉਦੋਂ ਤੱਕ ਅਲੱਗ ਰੱਹੋ ਜਦੋਂ ਤੱਕ ਸਾਰੇ ਛਾਲੇ ਸੁੱਕ ਨਾ ਜਾਣ (ਆਮ ਤੌਰ ਤੇ 5 ਦਿਨ)। |
| **ਆਮ ਜ਼ੁਕਾਮ** | ਉਦੋਂ ਤੱਕ ਵਾਪਸ ਨਾ ਆਓ ਜਦੋਂ ਤੱਕ ਵਿਅਕਤੀ ਠੀਕ ਮਹਿਸੂਸ ਨਹੀਂ ਕਰਦਾ। |
| **ਅੱਖ ਆਣੀ** | ਜਦੋਂ ਤੱਕ ਅੱਖਾਂ ਤੋਂ ਕੋਈ ਡਿਸਚਾਰਜ ਨਹੀਂ ਹੁੰਦਾ ਉਦੋਂ ਤਕ |
| **ਕੋਰੋਨਾਵਾਇਰਸ (ਸਾਰਸ-ਕੋਵ -2)** | ਐਸ ਏ ਸਿਹਤ ਨਿਰਦੇਸ਼ਾਂ ਦੀ ਪਾਲਣਾ ਕਰੋ |
| **ਗੈਸਟਰੋਐਂਟਰਾਈਟਸ** | 24 ਘੰਟਿਆਂ ਤਕ ਕੋਈ ਦਸਤ ਨਾ ਹੋਣ ਤੱਕ ਅਲੱਗ ਰੱਖੋ। |
| **ਗਲੇਂਡੂਲਰ ਬੁਖਾਰ** | ਉਦੋਂ ਤੱਕ ਵਾਪਸ ਨਾ ਆਓ ਜਦੋਂ ਤੱਕ ਵਿਅਕਤੀ ਠੀਕ ਮਹਿਸੂਸ ਨਹੀਂ ਕਰਦਾ। |
| **ਹੱਥ ਫੁੱਟ ਅਤੇ ਮੂੰਹ ਦੀ ਬਿਮਾਰੀ** | ਜਦੋਂ ਤੱਕ ਸਾਰੇ ਛਾਲੇ ਸੁੱਕ ਨਹੀ ਜਾਂਦੇ ਹਨ |
| **ਇਮਪਟੀਗੋ (ਸਕੂਲ ਜ਼ਖਮ)** | ਅਸਰਦਾਰ ਡਾਕਟਰੀ ਇਲਾਜ ਸ਼ੁਰੂ ਹੋਣ ਤੱਕ ਅਰਾਮ ਕਰੋ।<br>ਖੁੱਲ੍ਹੇ ਜ਼ਖਮਾਂ ਨੂੰ ਢੱਕਣਾ ਚਾਹੀਦਾ ਹੈ। |
| **ਇਨਫਲੂਐਂਜ਼ਾ** | ਉਦੋਂ ਤੱਕ ਵਾਪਸ ਨਾ ਆਓ ਜਦੋਂ ਤੱਕ ਵਿਅਕਤੀ ਠੀਕ ਮਹਿਸੂਸ ਨਹੀਂ ਕਰਦਾ (ਬੱਚਿਆਂ ਲਈ ਘੱਟੋ ਘੱਟ 7-10 ਦਿਨ) |
| **ਮੀਜ਼ਲਜ਼** | ਧੱਫੜ ਦੇ ਨਿੱਕਲਣ ਤੋਂ 4 ਦਿਨਾਂ ਤੱਕ ਅਲੱਗ ਰਹੋ। |
| **ਮੰਪਸ** | ਸੋਜ ਦਿਖਾਈ ਦੇਣ ਤੋਂ ਬਾਅਦ 5 ਦਿਨਾਂ ਤੱਕ ਅਲੱਗ ਰਹੋ। |
| **ਦਾਦ** | ਡਾਕਟਰੀ ਇਲਾਜ ਸ਼ੁਰੂ ਹੋਣ ਤੋਂ ਅਗਲੇ ਦਿਨ ਤੱਕ |
| **ਰੂਬੈਲਾ (ਜਰਮਨ ਮੀਸਮਲਜ਼)** | ਧੱਫੜ ਦੇ ਨਿੱਕਲਣ ਤੋਂ ਘੱਟੋ ਘੱਟ 4 ਦਿਨਾਂ ਲਈ ਅਲੱਗ ਰਹੋ। |
| **ਖੁਰਕ** | ਡਾਕਟਰੀ ਇਲਾਜ ਸ਼ੁਰੂ ਹੋਣ ਤੋਂ ਅਗਲੇ ਦਿਨ ਤੱਕ |
| **ਕਾਲੀ ਖੰਘ** | ਰੋਗਾਣੂਨਾਸ਼ਕ ਇਲਾਜ ਸ਼ੁਰੂ ਕਰਨ ਤੋਂ ਪੰਜ ਦਿਨ ਤੱਕ |

## ਦਵਾਈਆਂ

ਤੁਹਾਨੂੰ ਸਾਡੇ ਫਰੰਟ ਆਫਿਸ ਨੂੰ, ਤੁਹਾਡੇ ਬੱਚੇ ਨੂੰ ਹੋਣ ਵਾਲੀ ਕਿਸੇ ਵੀ ਬਿਮਾਰੀ ਅਤੇ ਐਲਰਜੀ ਬਾਰੇ ਨਵੀਨਤਮ ਜਾਣਕਾਰੀ ਅਤੇ ਦਵਾਈ ਦੇਣ ਦੀ ਜ਼ਰੂਰਤ ਹੈ। ਇਸ ਵਿੱਚ ਦਮਾ ਵੀ ਸ਼ਾਮਲ ਹੈ।

ਇੱਕ ਹਸਤਾਖਰਤ ਮੈਡੀਕਲ ਯੋਜਨਾ, ਜੋ ਡਾਕਟਰ ਦੁਆਰਾ ਮੁਕੰਮਲ ਕੀਤੀ ਗਈ ਹੈ, ਉਹਨਾਂ ਵਿਦਿਆਰਥੀਆਂ ਲਈ ਲੋੜੀਂਦੀ ਹੈ ਜਿਨ੍ਹਾਂ ਨੂੰ ਦਵਾਈਆਂ ਦੀ ਨਿਰੰਤਰ ਲੋੜ ਹੁੰਦੀ ਹੈ।

ਸਟਾਫ਼ ਬੀਮਾਰ ਵਿਦਿਆਰਥੀਆਂ ਨੂੰ ਵੀ ਕੋਈ ਵੀ ਦਵਾਈ ਦੇਣ ਤੋਂ ਅਸਮਰੱਥ ਹੈ, ਪੈਨਾਢੋਲ ਵੀ ਨਹੀ। ਪਰ, ਸਿਖਲਾਈ ਪ੍ਰਾਪਤ ਅਮਲਾ ਆਪਣੀਆਂ ਦਵਾਈਆਂ ਲੈਣ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਜਾਂ ਨਿਗਰਾਨੀ ਕਰਨ ਦੇ ਯੋਗ ਹੁੰਦੇ ਹਨ।

## ਸਕੂਲ ਵਿਚ ਦੰਦਾਂ ਦਿਆਂ ਸੇਵਾਂਵਾ

ਦੱਖਣੀ ਆਸਟ੍ਰੇਲੀਆਈ ਡੈਂਟਲ ਸਰਵਿਸ 18 ਸਾਲ ਤੋਂ ਘੱਟ ਉਮਰ ਦੇ ਸਾਰੇ ਬੱਚਿਆਂ ਲਈ ਡੈਂਟਲ ਦੇਖਭਾਲ ਮੁਹੱਈਆ ਕਰਦੀ ਹੈ। ਇਹ ਸੇਵਾ ਮੁਫ਼ਤ ਹੈ ਜੇ ਤੁਹਾਡੇ ਕੋਲ ਇਹ ਹੈ:

- ਪੈਨਸ਼ਨਰ ਰਿਆਇਤੀ ਕਾਰਡ
- ਸਕੂਲ ਕਾਰਡ
- ਬਾਲ ਡੈਂਟਲ ਬੈਨੀਫਿਟਸ ਅਨੁਸੂਚੀ

ਜੇ ਤੁਹਾਡਾ ਬੱਚਾ ਇਹਨਾਂ ਵਿੱਚੋਂ ਕਿਸੇ ਇੱਕ ਦੁਆਰਾ ਕਵਰ ਨਹੀਂ ਕੀਤਾ ਜਾਂਦਾ ਹੈ, ਤਾਂ ਆਮ ਅਤੇ ਐਮਰਜੈਂਸੀ ਦੰਦਾਂ ਦੀ ਦੇਖਭਾਲ ਲਈ ਇੱਕ ਛੋਟੀ ਜਿਹੀ ਫੀਸ ਲਈ ਜਾਏਗੀ। ਮੁਲਾਕਾਤ ਲਈ ਕਿਰਪਾ ਕਰਕੇ ਹੇਠਾਂ ਦਿੱਤੇ ਕਲੀਨਿਕ ਨੂੰ ਫ਼ੋਨ ਕਰੋ। ਸਾਰੇ ਕਲੀਨਿਕ ਹਰ ਰੋਜ਼ ਖੁੱਲ੍ਹੇ ਨਹੀਂ ਹੁੰਦੇ।

| | |
|---|---|
| **ਸਥਾਨਕ ਕਲੀਨਿਕ ਦਾ ਨਾਮ:** | Salisbury Downs Dental Clinic |
| **ਪਤਾ:** | Hollywood Boulevard, Hollywood Plaza Shopping Centre, Salisbury Downs |
| **ਫੋਨ:** | (08) 8250 9254 |

ਐਮਰਜੈਂਸੀ ਵਿੱਚ, ਫ਼ੋਨ ਕਰੋ 1800 022 222.

## ਟੀਬੀ ਦੀ ਜਾਂਚ

ਰਾਇਲ ਐਡੀਲੇਡ ਹਸਪਤਾਲ (ਆਰ.ਏ.ਐਚ) ਚੈਸਟ ਕਲੀਨਿਕ ਹਰ ਸਾਲ ਤਪੈਦਿਕ (ਟੀ ਬੀ) ਟੈਸਟ ਕਰਨ ਲਈ ਆਈ.ਈ.ਐਲ.ਪੀ. ਸੈਂਟਰਾਂ ਵਿਚ ਜਾਂਦਾ ਹੈ।

ਟੀ ਬੀ ਫੇਫੜਿਆਂ ਦੀ ਬਿਮਾਰੀ ਹੈ, ਅਤੇ ਬਹੁਤ ਸਾਰੇ ਦੂਸਰੇ ਮੁਲਕਾਂ ਵਿਚ ਆਮ ਹੁੰਦੀ ਹੈ। ਉੱਚ ਜੋਖਮ ਵਾਲੇ ਇਲਾਕਿਆਂ ਤੋਂ ਨੌਜਵਾਨਾਂ ਨੂੰ ਟੀ ਬੀ ਦੀ ਲਾਗ ਅਤੇ ਬਿਮਾਰੀ ਲਗਣ ਦਾ ਇੱਕ ਵੱਡਾ ਖਤਰਾ ਹੁੰਦਾ ਹੈ। ਆਰ.ਏ.ਐਚ ਤੁਹਾਡੇ ਬੱਚੇ ਨੂੰ ਟੀ ਬੀ ਲਈ ਟੈਸਟ ਕਰਨ ਲਈ ਤੁਹਾਡੀ ਸਹਿਮਤੀ ਪੁੱਛੇਗਾ।

ਜਾਂਚ ਵਿੱਚ ਆਰ ਏ ਐਚ ਛਾਤੀ ਕਲੀਨਿਕ ਵਲੋਂ 2 ਦੌਰੇ ਸ਼ਾਮਲ ਹਨ:

- 1 ਫੇਰੀ - ਕਲੀਨਿਕ ਟਿਉਬਰਕੁਲਿਨ ਚਮੜੀ ਦਾ ਟੈਸਟ ਦੇਵੇਗਾ
- 2 ਫੇਰੀ (3 ਦਿਨ ਬਾਅਦ ) - ਕਲੀਨਿਕ ਪ੍ਰਤੀਕ੍ਰਿਆ ਨੂੰ ਮਾਪੇਗਾ

ਉਹ ਵਿਦਿਆਰਥੀ ਜਿਨ੍ਹਾਂ ਨੂੰ ਟੀ ਬੀ ਦਾ ਸਾਹਮਣਾ ਕਰਨਾ ਪਿਆ ਹੈ ਉਨ੍ਹਾਂ ਇਲਾਜ ਲਈ ਗੋਲੀਆਂ ਦੇ ਕੋਰਸ ਦੀ ਲੋੜ ਹੈ। ਸਾਰੀਆਂ ਸੇਵਾਵਾਂ ਮੁਫਤ ਹਨ।



1 ਫੇਰੀ - ਟਿਉਬਰਕੁਲਿਨ ਚਮੜੀ ਦਾ ਟੈਸਟ



2 ਫੇਰੀ- ਪ੍ਰਤੀਕ੍ਰਿਆ ਨੂੰ ਮਾਪਣਾ

# ਸਕੂਲ ਦੀਆਂ ਪ੍ਰਕਿਰਿਆਵਾਂ

## ਰਵੱਈਏ ਦੀ ਉਮੀਦ

ਸਾਡੇ ਸਕੂਲ ਵਿੱਚ ਇੱਕ ਵਰਤਾਓ ਦਾ ਤਰੀਕਾ ਹੈ ਜਿਸਦੀ ਵਿਦਿਆਰਥੀਆਂ ਨੂੰ ਪਾਲਣਾ ਕਰਨੀ ਚਾਹੀਦੀ ਹੈ। ਜ਼ਿੰਮੇਵਾਰ ਵਿਵਹਾਰ ਵਿਦਿਆਰਥੀਆਂ ਦੇ ਸਿੱਖਣ ਦੇ ਅਧਿਕਾਰ ਅਤੇ ਅਧਿਆਪਕਾਂ ਦੇ ਸਿਖਾਉਣ ਦੇ ਅਧਿਕਾਰ ਦਾ ਆਦਰ ਕਰਦੇ ਹਨ।

ਸਿੱਖਣਾ ਬਿਹਤਰ ਹੁੰਦਾ ਹੈ ਜਦੋਂ ਵਿਦਿਆਰਥੀ:

- ਸੁਰੱਖਿਅਤ ਅਤੇ ਮਹਿਫੂਜ ਹਨ
- ਸਬੰਧਤ ਮਹਿਸੂਸ ਕਰ ਰਿਹਾ ਹੈ ਅਤੇ ਉਸ ਦੀ ਦੇਖਭਾਲ ਕੀਤੀ ਜਾ ਰਹੀ ਹੈ
- ਮਹੱਤਵਪੂਰਨ ਲੋਕਾਂ ਵਜੋਂ ਮਾਨਤਾ ਦਿੱਤੀ ਜਾਂਦੀ ਹੈ
- ਸਭਿਆਚਾਰਕ ਅਤੇ ਧਾਰਮਿਕ ਮਤਭੇਦ ਦਾ ਆਦਰ ਕਰਨਾ
- ਚੰਗੇ ਫੈਸਲੇ ਅਤੇ ਚੋਣਾਂ ਕਰ ਸਕਦੇ ਹਨ
- ਸਕੂਲ ਦਾ ਆਨੰਦ ਮਾਣਦੇ ਹੋ
- ਸਫਲਤਾ ਪ੍ਰਾਪਤ ਕਰਦੇ ਹਨ।

ਅਧਿਆਪਕ ਅਤੇ ਵਿਦਿਆਰਥੀ ਕਲਾਸ ਦੇ ਨਿਯਮਾਂ ਨੂੰ ਇੱਕਠੇ ਤਯ ਕਰਦੇ ਹਨ। ਕਲਾਸ ਵਿਚ ਅਣਉਚਿਤ ਵਿਵਹਾਰ ਦਾ ਨਤੀਜਾ ਹੋ ਸਕਦਾ ਹੈ:

- ਨਿਯਮਾਂ ਅਤੇ ਹੋਈ ਚਰਚਾ ਨੂੰ ਯਾਦ ਕਰਾਣਾ
- ਕਲਾਸ 'ਟਾਈਮ ਆਉਟ'
- ਬੱਡੀ ਕਲਾਸ 'ਟਾਈਮ ਆਉਟ'
- ਦਫਤਰ 'ਟਾਈਮ ਆਉਟ'

ਮੈਦਾਨ ਵਿਚ, ਆਮ ਨਿਯਮ ਹਨ ਜੋ ਸਾਰੇ ਵਿਦਿਆਰਥੀਆਂ ਲਈ ਲਾਜ਼ਮੀ ਹਨ। ਜੇ ਨਿਯਮ ਦੀ ਉਲੰਗਣਾ ਕੀਤੀ ਜਾਂਦੀ ਹੈ, ਤਾਂ ਵਿਦਿਆਰਥੀਆਂ ਨੂੰ ਬਾਹਰ ਬੈਠ ਕੇ ਆਪਣੇ ਵਿਵਹਾਰ ਬਾਰੇ ਸੋਚਣ ਦੀ ਲੋੜ ਹੋ ਸਕਦੀ ਹੈ। ਉਹ ਖ਼ੇਡ ਵਿੱਚ ਸ਼ਾਮਲ ਨਹੀਂ ਹੋ ਸਕਣਗੇ।

ਜੇ ਵਿਦਿਆਰਥੀ ਦਾ ਵਿਹਾਰ ਬਹੁਤ ਜ਼ਿਆਦਾ ਜਾਂ ਲਗਾਤਾਰ ਅਣਉਚਿਤ ਹੈ, ਤਾਂ ਸਕੂਲ:

- ਮੀਟਿੰਗ ਦਾ ਪ੍ਰਬੰਧ ਕਰਨ ਲਈ ਤੁਹਾਡੇ ਨਾਲ ਸੰਪਰਕ ਕਰਨਗੇ
- ਕਈ ਤਰ੍ਹਾਂ ਦੇ ਤਰਕਪੂਰਣ ਨਤੀਜਿਆਂ ਦੀ ਵਰਤੋਂ
- ਵਿਦਿਆਰਥੀ ਨੂੰ ਘਰ ਭੇਜੇਗਾ ਜਾਂ ਸਕੂਲ ਤੋਂ ਮੁਅੱਤਲ / ਬਾਹਰ ਕੱਢੇਗਾ

ਕਾਰਗਰ ਸਜ਼ਾ, ਜਿਵੇਂ ਕਿ ਮਾਰਨਾ, ਬੈਂਤ ਜਾਂ ਚੁੰਢੀ ਕਦੇ ਨਹੀ ਵਰਤੇ ਜਾਂਦੇ। ਵਿਦਿਆਰਥੀਆਂ ਦੀ ਵਿਵਹਾਰ ਬਾਰੇ ਉਮੀਦ ਤੇ ਦੁਰ -ਵਿਹਾਰ ਦੇ ਨਤੀਜਿਆਂ ਬਾਰੇ ਸ਼ਮਝ ਨੂੰ ਸਲਾਹ-ਮਸ਼ਵਰਾ, ਮਾਡਲਿੰਗ ਅਤੇ ਉਚਿਤ ਕਾਰਵਾਈਆਂ ਦੇ ਸਕਾਰਾਤਮਕ ਸੁਧਾਰਾਂ ਰਾਹੀਂ ਸਮਝਾਇਆ ਜਾਂਦਾ ਹੈ।

### ਲਾਇਬ੍ਰੇਰੀ

ਵਿਦਿਆਰਥੀ ਲਾਇਬਰੇਰੀ ਤੋਂ ਕਿਤਾਬਾਂ ਉਧਾਰ ਲੈ ਕੇ ਪੜ੍ਹਨ ਲਈ ਘਰ ਲੈ ਜਾ ਸਕਦੇ ਹਨ। ਉਹਨਾਂ ਨੂੰ ਬਾਅਦ ਵਿੱਚ ਇਹਨਾਂ ਨੂੰ ਵਾਪਸ ਕਰਨਾ ਚਾਹੀਦਾ ਹੈ:

☐ 1 ਹਫ਼ਤਾ

☐ 2 ਹਫਤੇ

ਕਿਰਪਾ ਕਰਕੇ ਇਸ ਵਿੱਚ ਨਾ ਲਿਖੋ। ਜੇ ਕਿਤਾਬ ਗੁਆਚ ਜਾਂਦੀ ਹੈ ਜਾਂ ਖਰਾਬ ਹੋ ਜਾਂਦੀ ਹੈ, ਤੁਹਾਨੂੰ ਸ਼ਾਇਦ ਇਸ ਦਾ ਭੁਗਤਾਨ ਕਰਨ ਲਈ ਕਿਹਾ ਜਾ ਸਕਦਾ ਹੈ।



ਵਿਦਿਆਰਥੀਆਂ ਦਾ ਸਿੱਖਣ ਦਾ ਅਧਿਕਾਰ




ਵਿਦਿਆਰਥੀਆਂ ਨੂੰ ਸੁਰੱਖਿਅਤ ਅਤੇ ਸੁਰੱਖਿਅਤ ਮਹਿਸੂਸ ਕਰਨ ਦਾ ਅਧਿਕਾਰ



ਟਾਈਮ ਆਉਟ



## ਕੀਮਤੀ ਵਸਤਾਂ

ਤੁਹਾਡੇ ਬੱਚੇ ਸਕੂਲ ਵਿਚ ਕੀਮਤੀ ਚੀਜ਼ਾਂ ਨਾ ਲਿਆਉਂਣ, ਉਦਾਹਰਣ ਵਜੋਂ, ਮੋਬਾਈਲ ਫੋਨ, ਆਈਪੌਡ ਅਤੇ ਵੱਡੀ ਮਾਤਰਾ ਵਿੱਚ ਪੈਸੇ।

ਸਕੂਲ ਕਿਸੇ ਵੀ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਹੈ।



ਗੁਆਚੀ ਸੰਪੱਤੀ ਵਾਲੇ ਬਾਕਸ

## ਗੁੰਮ ਸਮਾਨ

ਜੇ ਤੁਹਾਡਾ ਬੱਚਾ ਸਕੂਲ ਵਿੱਚ ਕਿਸੇ ਵੀ ਸਮਾਨ ਨੂੰ ਗੁਆ ਲੈਂਦਾ ਹੈ, ਤਾਂ ਉਹ ਗੁਆਚੀ ਸੰਪੱਤੀ ਵਾਲੇ ਬਾਕਸ ਵਿੱਚ ਇਸ ਦੀ ਭਾਲ ਕਰ ਸਕਦੇ ਹਨ:

☐ ਫਰੰਟ ਆਫਿਸ ਵਿੱਚ।
☐ ਕੰਟੀਨ ਵਿੱਚ।
☐ ਆਈ.ਈ.ਐੱਲ.ਪੀ ਦਫਤਰ ਦੇ ਬਾਹਰ।
☐ ਲਾਇਬ੍ਰੇਰੀ ਵਿਚ।
☐ ਖੇਡ ਦੇ ਖੇਤਰ ਵਿਚ, ਜੇ.ਪੀ. ਵਿਚ।
☐ ਸਲਾਹਕਾਰ ਦੇ ਦਫਤਰ ਦੇ ਬਾਹਰ।

## ਲੇਬਲਿੰਗ

ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਹਾਡੇ ਬੱਚੇ ਦੀਆਂ ਚੀਜ਼ਾਂ ਉਨ੍ਹਾਂ ਦੇ ਨਾਮ ਨਾਲ ਲੇਬਲ ਕੀਤੀਆਂ ਜਾਣ,ਜਿਵੇਂ ਕਿ ਖਾਣੇ ਵਾਲੇ ਡੱਬੇ, ਪਾਣੀ ਦੀ ਬੋਤਲ ਅਤੇ ਕੱਪੜੇ।

## ਪਹਿਰਾਵਾ

ਵਿਦਿਆਰਥੀਆਂ ਨੂੰ ਹਰ ਰੋਜ਼ ਆਪਣੀ ਸਕੂਲ ਦੀ ਵਰਦੀ ਪਹਿਨਣ ਦੀ ਲੋੜ ਹੁੰਦੀ ਹੈ। ਤੁਸੀਂ ਵਰਦੀ ਖਰੀਦ ਸਕਦੇ ਹੋ:

☐ ਸਕੂਲ ਵਿਚ।
☐ ਸ਼ਹਿਰ ਵਿਚ ਵਰਦੀਆ ਦੀ ਦੁਕਾਨ ਵਿਚ।
☐ Big W, Kmart ਜਾਂ Target ਤੋਂ।

ਇਹ ਜਰੂਰੀ ਹੈ ਕਿ ਵਿਦਿਆਰਥੀ ਮੌਸਮ ਦੇ ਹਿਸਾਬ ਨਾਲ ਢੁਕਵੇਂ ਕੱਪੜੇ ਪਾਉਂਣ ।

ਉਦਾਹਰਣ ਲਈ, ਤੁਹਾਡੇ ਬੱਚੇ ਨੂੰ ਜੰਪਰ, ਲੰਮੀ ਪੈਂਟ ਅਤੇ ਬੰਦ-ਜੁੱਤੇ ਪਾਉਣੇ ਚਾਹੀਦੇ ਹਨ ਜਦੋਂ ਠੰਡ ਅਤੇ ਮੀਂਹ ਪੈ ਰਹੇ ਹੋਣ ।

## ਹੈਟ

ਸਾਡੇ ਧੁਪ ਵਾਲੇ ਦਿਨ ਦੀ ਨੀਤੀ ਹੈ ਜਿਸ ਲਈ ਸਕੂਲੀ ਹੈਟ ਪਹਿਨਣ ਦੀ ਲੋੜ ਹੁੰਦੀ ਹੈ। ਜੇਕਰ ਤੁਹਾਡੇ ਬਚੇ ਕੋਲ ਹੈਟ ਨਹੀ ਹੈ ਤਾਂ ਉਹਨਾਂ ਨੂੰ ਛਾਂਵੇ ਬੈਠਣਾ ਪਵੇਗਾ।



ਸਕੂਲ ਹੈਟ

ਤੁਹਾਡੇ ਬਚੇ ਦੀ ਹੈਟ ਸਕੂਲ ਵਿਚ ਰਹਿੰਦੀ ਹੈ ਅਤੇ ਜਦੋਂ ਵੀ ਉਹ ਬਾਹਰ ਹੁੰਦੇ ਹਨ ਪਹਿਨਣ ਦੀ ਲੋੜ ਹੁੰਦੀ ਹੈ:

☐ ਸਾਲ ਦੇ ਦੌਰਾਨ ਕਦੇ ਵੀ।
☐ 1 ਅਤੇ 4 ਅਵਧੀ ਦੇ ਦੋਰਾਨ।
☐ 1, 3 ਅਤੇ 4 ਅਵਧੀ ਅਤੇ 2 ਅਵਧੀ ਵਿਚ ਜਦੋਂ ਯੂ.ਵੀ 3 ਤੋ ਜਿਆਦਾ ਹੁੰਦੀ ਹੈ।
☐ 1, 3 ਅਤੇ 4 ਅਵਧੀ ਦੋਰਾਨ।
☐ ਸਾਲ ਦੇ ਦੌਰਾਨ ਕਿਸੇ ਵੀ ਸਮੇਂ - ਜਦੋਂ ਯੂ.ਵੀ ਰੇਟਿੰਗ 3 ਅਤੇ ਇਸ ਤੋਂ ਉਪਰ ਹੁੰਦੀ ਹੈ।

ਜੇ ਤੁਹਾਡਾ ਬੱਚਾ ਆਪਣੀ ਟੋਪੀ ਗੁਆ ਲੈਂਦਾ ਹੈ ਤਾਂ ਤੁਹਾਨੂੰ ਫਰੰਟ ਆਫਿਸ ਤੋਂ ਨਵੀਂ ਖਰੀਦਣੀ ਪਵੇਗੀ।

## ਸਕੂਲ ਲਈ ਢੁੱਕਵੇ ਕੱਪੜੇ



ਸਕੂਲ ਪੋਲੋ



ਸਕੂਲ ਜੰਪਰ



ਸਕੂਲ ਟੀ-ਸ਼ਰਟ



ਪੂਰੀਆਂ ਪੈਂਟਾਂ



ਨਿਕਰਾਂ



ਸਕੂਲ ਡ੍ਰੈਸ

# ਭੋਜਨ ਅਤੇ ਪੋਸ਼ਣ

## ਛੋਟੀਆਂ ਬ੍ਰੇਕਾ

ਤੁਹਾਡੇ ਬੱਚੇ ਨੂੰ ਛੋਟੀਆਂ ਬ੍ਰੇਕਾ ਲਈ ਸਕੂਲ ਵਿੱਚ ਛੋਟਾ ਸਨੈਕ ਲਿਆਉਣਾ ਚਾਹੀਦਾ ਹੈ, ਜਿਵੇਂ ਕਿ ਫਲ। ਤੁਹਾਡੇ ਬੱਚੇ ਨੂੰ ਦਿਨ ਦੇ ਦੌਰਾਨ ਪੀਣ ਲਈ ਪਾਣੀ ਦੀ ਇੱਕ ਬੋਤਲ ਲਿਆਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।



ਸਿਹਤਮੰਦ ਸਨੈਕ ਦੇ ਸੁਝਾਅ

## ਦੁਪਹਿਰ ਦਾ ਖਾਣਾ

ਤੁਹਾਡੇ ਬੱਚੇ ਨੂੰ ਘਰ ਤੋਂ ਆਪਣਾ ਦੁਪਹਿਰ ਦਾ ਖਾਣਾ ਲਿਆਉਣਾ ਪਵੇਗਾ। ਅਸੀਂ ਗੁਜਾਰਿਸ਼ ਕਰਦੇ ਹਾਂ ਕਿ ਵਿਦਿਆਰਥੀ ਸਕੂਲ ਨਰੋਆ ਭੋਜਨ ਲਿਆਉਂਣ। ਕਿਰਪਾ ਕਰਕੇ ਟੌਫਿਆ, ਸਾਫਟ ਡਰਿੰਕਸ, ਚੂਇੰਗਮ ਆਦਿ ਨਾ ਭੇਜੋ।

- ☐ ਤੁਹਾਡਾ ਬੱਚਾ ਕੰਟੀਨ ਤੋਂ ਦੁਪਹਿਰ ਦੇ ਖਾਣੇ ਦਾ ਆਰਡਰ ਵੀ ਦੇ ਸਕਦਾ ਹੈ। ਇਹ ਖੁੱਲੀ ਹੈ:
  - ☐ ਹਰ ਰੋਜ

- ☐ ਤੁਹਾਡਾ ਬੱਚਾ ਸਥਾਨਕ ਦੁਕਾਨ ਤੋਂ ਦੁਪਹਿਰ ਦੇ ਖਾਣੇ ਦਾ ਆਰਡਰ ਵੀ ਦੇ ਸਕਦਾ ਹੈ।
- ☐ ਬੱਚੇ ਸਕੂਲ ਦੁਆਰਾ ਮੁਹੱਈਆ ਕੀਤੇ ਗਏ ਦੁਪਹਿਰ ਦੇ ਖਾਣੇ ਦੇ ਬੈਗ ਤੇ ਆਪਣਾ ਆਰਡਰ ਲਿਖਦੇ ਹਨ ਅਤੇ ਪੈਸੇ ਅੰਦਰ ਰੱਖ ਦੇਂਦੇ ਹਨ।

ਅਸੀਂ ਘਰ ਤੋਂ ਲਿਆਂਦੇ ਭੋਜਨ ਨੂੰ ਗਰਮ ਨਹੀਂ ਕਰ ਸਕਦੇ।



ਸਿਹਤਮੰਦ ਦੁਪਹਿਰ ਦੇ ਖਾਣੇ ਦੇ ਸੁਝਾਅ

## ਐਲਰਜੀ

ਕੁਝ ਵਿਦਿਆਰਥੀਆਂ ਨੂੰ ਗਿਰਿਆਂ ਤੋਂ ਐਲਰਜੀ ਹੁੰਦੀ ਹੈ। ਬੱਚਿਆਂ ਨੂੰ ਗਿਰਿਆਂ ਵਾਲਾ ਭੋਜਨ ਸਕੂਲ ਵਿੱਚ ਨਹੀਂ ਲਿਆਉਣਾ ਚਾਹੀਦਾ, ਜਿਵੇਂ ਕਿ ਮੁਸਲੀ ਬਾਰ, ਨਿਉਟੇਲਾ, ਮੂੰਗਫਲੀ ਦਾ ਪੇਸਟ।

# ਮਾਪਿਆਂ ਦੀ ਸ਼ਮੂਲੀਅਤ

ਅਸੀਂ ਤੁਹਾਡੇ ਬੱਚੇ ਦੇ ਸਕੂਲੀ ਜੀਵਨ ਵਿੱਚ ਤੁਹਾਡੇ ਵਲੋਂ ਹਿਸਾ ਲੈਣ ਦਾ ਸਵਾਗਤ ਕਰਦੇ ਹਾਂ। ਹੋ ਸਕਦਾ ਹੈ ਕਿ ਤੁਸੀਂ ਪੜ੍ਹਨ ਨੂੰ ਸੁਣਨਾ, ਸੈਰ - ਸਪਾਟੇ ਜਾਂ ਗਤੀਵਿਧੀਆਂ ਦੇ ਸੈਸ਼ਨਾਂ ਵਿੱਚ ਸਹਾਇਤਾ ਕਰਨਾ ਚਾਹੋ। ਜੇ ਤੁਸੀਂ ਸਕੂਲ ਵਿਚ ਮਦਦ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਨੂੰ ਮਿਲੋ।

ਹੇਠਾਂ ਦਿੱਤੀ ਜਾਣਕਾਰੀ ਲਈ ਹਰ ਰਾਤ ਆਪਣੇ ਬੱਚੇ ਦੇ ਬੈਗ ਦੀ ਜਾਂਚ ਕਰੋ:

## ਪਾਠਕ

ਪਾਠਕ ਹਰ ਦਿਨ ਘਰ ਭੇਜੇ ਜਾਣਗੇ। ਇਹ ਜ਼ਰੂਰੀ ਹੈ ਕਿ ਤੁਹਾਡਾ ਬੱਚਾ ਹਰ ਰਾਤ ਕਿਸੇ ਨੂੰ ਪੜ੍ਹਕੇ ਸੁਣਾਵੇ। ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਹਾਡੇ ਬੱਚੇ ਦਾ ਪਾਠਕ ਹਰ ਰੋਜ਼ ਸਕੂਲ ਵਿੱਚ ਵਾਪਸ ਭੇਜਿਆ ਜਾਵੇ।

## ਘਰ ਦਾ ਕੰਮ

ਹੋਮਵਰਕ ਵੱਖਰਾ ਹੋ ਸਕਦਾ ਹੈ। ਹਨ ਅਧਿਆਪਕ ਵਿਦਿਆਰਥੀ ਦੀ ਉਮਰ, ਯੋਗਤਾ, ਅੰਗਰੇਜ਼ੀ ਦੇ ਪੱਧਰ, ਪਰਿਵਾਰਕ ਸਹਾਇਤਾ ਅਤੇ ਸ੍ਰੋਤ ਬਾਰੇ ਸੋਚਦੇ ਹਨ। ਜੇ ਹੋਮਵਰਕ ਬਾਰੇ ਕੋਈ ਚਿੰਤਾਵਾਂ ਹਨ ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰੋ।

## ਸਮਾਚਾਰ ਪਤਰ ਤੇ ਨੋਟਸ

ਸਕੂਲ ਦਾ ਸਮਾਚਾਰ ਪਤਰ ਘਰ ਭੇਜਿਆ ਜਾਂਦਾ ਹੈ:

☐ ਹਰ ਪੰਦਰਵਾੜੇ।
☐ ਹਰ ਮਹੀਨੇ।
☐ ਅਵਧੀ ਵਿਚ ਦੋ ਵਾਰੀ।
☐ ਹਰ ਅਵਧੀ ਵਿਚ 3 ਵਾਰੀ।

ਹੋਰ ਸੂਚਨਾਵਾਂ ਵੀ ਘਰ ਭੇਜਿਆਂ ਜਾ ਸਕਦਿਆਂ ਹਨ ਜਿਵੇਂ ਸੈਰ-ਸਪਾਟਾ, ਛੇਤੀ ਬੰਦ ਹੋਣਾ, ਸਕੂਲ ਬੰਦ ਆਦਿ। ਕੁਝ ਨੋਟਸ ਨੂੰ ਸਕੂਲ ਵਾਪਸ ਭੇਜਣ ਤੋਂ ਪਹਿਲਾਂ ਤੁਹਾਡੇ ਦਸਤਖਤ ਦੀ ਲੋੜ ਹੋ ਸਕਦੀ ਹੈ।

Class Dojo Logon

## ਡਾਇਰੀਆਂ ਅਤੇ ਸੰਚਾਰ ਕਿਤਾਬਾਂ

ਕਈ ਵਾਰ ਤੁਹਾਡੇ ਬੱਚੇ ਦਾ ਅਧਿਆਪਕ ਉਹਨਾਂ ਦੀ ਸੰਚਾਰ ਕਿਤਾਬ ਜਾਂ ਡਾਇਰੀ ਵਿਚ ਤੁਹਾਡੇ ਲਈ ਇਕ ਨੋਟ ਲਿਖ ਸਕਦਾ ਹੈ।ਤੁਸੀ ਇਸ ਨੂੰ ਆਪਣੇ ਬੱਚੇ ਦੇ ਅਧਿਆਪਕ ਨੂੰ ਨੋਟ ਲਿਖਣ ਲਈ ਵੀ ਵਰਤ ਸਕਦੇ ਹੋ। ਵਿਦਿਆਰਥੀ ਆਪਣੀ ਡਾਇਰੀ ਦੀ ਵਰਤੋਂ ਹੋਮਵਰਕ ਲਿਖਣ ਅਤੇ ਉਨ੍ਹਾਂ ਚੀਜ਼ਾਂ ਨੂੰ ਨੋਟ ਕਰਨ ਲਈ ਕਰਦੇ ਹਨ ਜਿਹਨਾਂ ਦੀ ਉਹਨਾਂ ਨੂੰ ਯਾਦ ਰਖਣ ਦੀ ਲੋੜ ਹੈ।

ਸੰਚਾਰ ਡਾਇਰੀ

## ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਰਿਪੋਰਟ ਕਰਨਾ

ਅਧਿਆਪਕ ਤੁਹਾਡੇ ਬੱਚੇ ਦੀ ਸਿੱਖਣ ਦੀ ਪ੍ਰਗਤੀ ਬਾਰੇ ਰਿਪੋਰਟ ਕਰਨਗੇ।

- ਮਾਪਿਆਂ, ਅਧਿਆਪਕਾਂ ਜਾਂ ਵਿਦਿਆਰਥੀਆਂ ਦੀਆਂ ਇੰਟਰਵਿਉਆਂ ਸਾਲ ਦੇ ਦੌਰਾਨ ਹੁੰਦੀਆਂ ਹਨ। ਲੋੜ ਪੈਣ ਤੇ ਦੁਭਾਸ਼ੀਏ ਉਪਲਬਧ ਹੋਣਗੇ।
- ਤੁਹਾਡੇ ਬੱਚੇ ਦੇ ਪ੍ਰੋਗ੍ਰਾਮ ਤੋਂ ਬਾਹਰ ਆਉਣ ਤੇ ਇੱਕ ਲਿਖਤੀ ਰਿਪੋਰਟ ਭੇਜੀ ਜਾਂਦੀ ਹੈ।
- ਜਦੋਂ ਲੋੜ ਹੋਵੇ ਤਾਂ ਫੋਨ ਕਾਲਾਂ ਅਤੇ ਹੋਰ ਸਮਾਂ ਬਣਿਆ ਜਾਂਦਾ ਹੈ।




# ਸਕੂਲ ਦੀਆਂ ਫੀਸਾਂ

ਸਕੂਲ ਦੀ ਫੀਸ ਸਕੂਲ ਦਰ ਸਕੂਲ ਤਕ ਵੱਖਰੀ ਹੁੰਦੀ ਹੈ। ਸਕੂਲ ਦੀ ਫੀਸ (ਜਾਂ 'ਸਮੱਗਰੀ ਅਤੇ ਸੇਵਾਵਾਂ ਦੇ ਖ਼ਰਚੇ') ਗਵਰਨਿੰਗ ਕੌਂਸਲ ਦੁਆਰਾ ਨਿਰਧਾਰਤ ਕੀਤੇ ਜਾਂਦੇ ਹਨ ਅਤੇ ਸਟੇਸ਼ਨਰੀ, ਛਪਾਈ ਕੀਤੀ ਸਮੱਗਰੀ, ਕਲਾ ਅਤੇ ਕਰਾਫਟ ਸਪਲਾਈ ਅਤੇ ਸੇਵਾਵਾਂ ਦੀ ਵਰਤੋਂ ਜਿਵੇਂ ਕਿ ਲਾਇਬ੍ਰੇਰੀ, ਤਕਨਾਲੋਜੀ ਅਤੇ ਖੇਡ ਉਪਕਰਣ ਲਈ ਭੁਗਤਾਨ ਕਰਦੀ ਹੈ।




## ਸਕੂਲ ਕਾਰਡ

ਜੇ ਤੁਹਾਡੇ ਕੋਲ ਸੈਂਟਰਲਿੰਕ ਕਨਸੈਸ਼ਨ ਕਾਰਡ ਹੈ, ਤਾਂ ਹੋ ਸਕਦਾ ਹੈ ਕਿ ਤੁਹਾਡਾ ਪਰਿਵਾਰ ਸਰਕਾਰ ਤੋਂ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋਵੇ। ਇਸ ਸਹਾਇਤਾ ਨੂੰ **ਸਕੂਲ ਕਾਰਡ** ਕਿਹਾ ਜਾਂਦਾ ਹੈ। ਸਕੂਲੀ ਕਾਰਡ ਦੀ ਵਰਤੋਂ ਸਕੂਲ ਦੀ ਲਾਗਤ ਅਤੇ ਸੇਵਾਵਾਂ ਦੇ ਖ਼ਰਚੇ ਦਾ ਭੁਗਤਾਨ ਕਰਨ ਲਈ ਕੀਤੀ ਜਾਂਦੀ ਹੈ। ਇਹ ਸਕੂਲ ਵਰਦੀ, ਯਾਤਰਾਵਾਂ ਜਾਂ ਵਿਸ਼ੇਸ਼ ਸਮਾਗਮਾਂ ਲਈ ਭੁਗਤਾਨ ਨਹੀਂ ਕਰਦਾ ਹੈ। ਜੇ ਤੁਹਾਡੇ ਕੋਲ ਪੈਨਸ਼ਨਰ ਰਿਆਇਤ ਕਾਰਡ ਹੈ, ਤਾਂ ਕਿਰਪਾ ਕਰਕੇ ਇਸਨੂੰ ਜਲਦੀ ਤੋਂ ਜਲਦੀ ਆਪਣੇ ਵੀਜ਼ੇ ਦੇ ਨਾਲ ਸਕੂਲ ਲੈ ਕੇ ਆਓ।

THE PINES SCHOOL

# CANTEEN PRICELIST inc GST

## DAILY MENU

From 17th May, 2021

| | |
|---|---|
| Meat Lasagne | $4.00 |
| Vegetarian Lasagne (V) | $4.00 |
| Spaghetti | $4.00 |
| Macaroni | $4.00 |
| Penne Napolitano | $4.00 |
| Fried rice (G) | $4.00 |
| Vegetarian Fried rice (V)(G) | $4.00 |
| Pizza—margarita | $3.20 |
| Butter chicken with rice (G) | $4.20 |
| Hash brown (v) | $1.00 |
| Nacho's with salsa & cheese or sour cream , | $2.80 |
| Nacho's with everything | $3.30 |
| Meatball Sub | $3.00 |
| Hot ham and cheese roll | $3.00 |
| ½ hot ham and cheese roll | $1.50 |
| Chicken nuggets, Dino snacks or Coujons (each) | 60c |
| Gluten Free Chicken Nuggets (G) (each) | 60c |
| Chicken nuggets or chicken coujons or chicken dino snacks with salad | $4.00 |
| Hamburger with sauce, tomato & lettuce | $4.00 |
| Chicken burger with lettuce & mayo | $4.00 |
| Fish burger with lettuce & mayo | $4.00 |
| Fish fillet with salad | $4.00 |
| Corn Cobbett's (V)(G) | $1.00 |
| Chicken or Beef noodles | $ 2.60 |



## SANDWICHES, ROLLS AND WRAPS

| | Sandwiches | Rolls or Wraps |
|---|---|---|
| Vegemite | $1.50 | $1.80 |
| Egg | $2.00 | $2.50 |
| Tuna | $2.00 | $2.50 |
| Ham | $2.00 | $2.50 |
| Cheese | $2.00 | $2.50 |
| Chicken | $2.50 | $3.00 |
| Salad (tomato, cue, lettuce & carrot) | $2.90 | $3.30 |





## QKR




Orders can be placed online using QKR by 9:00 a.m.

### Fruit salad

Water melon, orange, grapes, apple or rock melon

| | |
|---|---|
| small | $1.00 |
| medium | $2.00 |



### Extra's

| | |
|---|---|
| Tomato | $0.40 |
| Cucumber | $0.40 |
| Lettuce | $0.40 |
| Carrot | $0.40 |
| Gherkins | $0.40 |
| Beetroot | $0.40 |
| Cheese | $0.50 |

### Sauce

| | |
|---|---|
| Mayo | $0.30 |
| Tomato or BBQ | $0.30 |

We can toast sandwiches, rolls or wraps at no extra cost.

Salad Packs available on request.

We follow healthy guidelines and all foods listed on the canteen menu are in the green or amber categories.

(G) Gluten Free

(V) Vegetarian

## WEEKLY SPECIAL



| | |
|---|---|
| Large pie | $3.80 |
| Large sausage roll | $3.80 |
| Pizza—ham & pineapple or cheese & bacon—not available on Friday | $2.80 |

### Tuesday and Friday

| | |
|---|---|
| Hot dog with sauce | $3.60 |
| Half hot dog with sauce | $1.80 |

Hot dog extra's , mustard 40c,

cheese 50c , BBQ sauce 30c

### Thursday

Baked potato with 3 toppings, choice of:

| | |
|---|---|
| Coleslaw, beetroot, grated cheese, pineapple, ham and sour cream | $4.50 |



| | |
|---|---|
| Each extra toppings | 50c |

## SNACKS

Muffins – baked daily



| | |
|---|---|
| Small | 20c |
| Medium | 50c |
| Chocolate or Vanilla custard | 90c |
| Jelly cups– apple or blackcurrant | 90c |
| Jumpy chips – chicken, Salt & Vinegar | 1.30 |
| Snaps—BBQ or light & tangy (G)(V) | 1.30 |
| Noodles – BBQ or chicken | 80c |

## DRINKS

### Milk

| | |
|---|---|
| Up and Go chocolate no added sugar | $1.90 |
| Big M 250ml – chocolate or strawberry | $2.00 |
| Up and Go 250ml - choc, strawberry, banana or vanilla | $2.00 |
| Milo 200ml | $2.00 |
| Oak milk – 250ml choc or straw | $2.00 |
| Oak milk 300ml – choc or vanilla | $2.30 |




### Juice and Water

| | |
|---|---|
| Spring water 600ml | $1.80 |
| Spring water 350ml | $1.00 |
| Juice Crush 250ml – orange, apple or apple/blackcurrant | $1.60 |
| Chill Iced Tea Peach, lemon, blackcurrant or raspberry | $2.20 |
| Berri juice 250ml – apple, orange or apple/blackcurrant | $2.30 |
| Glee drinks (99% fruit juice carbonated) | $2.30 |
| Frozen apple cups | $1.00 |

### Frozen twisted yoghurt

| | |
|---|---|
| Watermelon, chocolate, strawberry | $2.20 |



# ਵਿਸ਼ੇ ਸੂਚੀ


| | ਪੰਨਾ ਨੰਬਰ |
|---|---|
| **ਸਕੂਲ ਨਾਲ ਸੰਪਰਕ ਕਰਨ ਦੇ ਵੇਰਵੇ** | **1** |
| **ਦੱਖਣੀ ਆਸਟ੍ਰੇਲੀਆ ਵਿੱਚ ਇੰਨਟੈਨਸਿਵ ਇੰਗਲਿਸ਼ ਪ੍ਰੋਗਰਾਮ ਅਤੇ ਨਵੇਂ ਆਉਣ ਵਾਲੇ ਲੋਕਾਂ ਵਾਸਤੇ ਪ੍ਰੋਗਰਾਮ ਬਾਰੇ** | **2** |
| ਉਦੇਸ਼ | 2 |
| ਆਈ.ਈ.ਐਲ.ਪੀ ਅਤੇ ਐਨ.ਏ.ਪੀ ਕੇਂਦਰ | 3 |
| ਆਈ.ਈ.ਐਲ.ਪੀ ਜਾਂ ਐਨ.ਏ.ਪੀ ਵਿੱਚ ਰਹਿਣ ਦੀ ਮਿਆਦ | 3 |
| ਜਮਾਤ ਨਿਰਧਾਰਤ ਕਰਨਾ | 3 |
| ਮੁੱਖ ਧਾਰਾ ਦੀਆਂ ਕਲਾਸਾਂ ਵਿੱਚ ਤਬਾਦਲਾ | 3 |
| ਪਾਠਕ੍ਰਮ | 3 |
| ਪੜ੍ਹਾਉਣਾ ਤੇ ਮੁਲਾਂਕਣ ਕਰਨਾ | 3 |
| ਦੋਭਾਸ਼ੀ ਸਕੂਲ ਸੇਵਾ ਅਧਿਕਾਰੀ | 4 |
| ਸੈਰ-ਸਪਾਟਾ ਅਤੇ ਸਕੂਲ ਦੇ ਪ੍ਰੋਗਰਾਮ | 4 |
| ਆਵਾਜਾਈ | 4 |
| **ਸਕੂਲ ਬਾਰੇ ਜਾਣਕਾਰੀ** | **4** |
| ਸਕੂਲ ਦਾ ਸਮਾਂ | 4 |
| ਘੰਟੀ ਵਜਣ ਦਾ ਸਮਾਂ | 4 |
| ਹਾਜ਼ਰੀ ਅਤੇ ਗੈਰਹਾਜ਼ਰੀ | 5 |
| ਲੈਟਪਨ ਅਤੇ ਜਲਦੀ ਜਾਣਾ | 5 |
| ਮੈਦਾਨ ਚ ਨਿਗਰਾਨੀ | 5 |
| **ਵਿਦਿਆਰਥੀਆਂ ਦੀ ਸਿਹਤ ਅਤੇ ਸੁਰੱਖਿਆ** | **5** |
| ਬਚਿਆਂ ਲਈ ਸੁਰੱਖਿਅਤ ਵਾਤਾਵਰਨ | 5 |
| ਐਮਰਜੈਂਸੀ ਪ੍ਰਕਿਰਿਆਵਾਂ | 5 |
| ਜੂਆਂ | 5 |
| ਗਰਮ ਜਾਂ ਨਮ ਮੌਸਮ | 6 |
| ਬਿਮਾਰੀ ਅਤੇ ਸਟ | 6 |
| ਛੂਤ ਦੀਆਂ ਬਿਮਾਰੀਆਂ | 6 |
| ਦਵਾਇਆਂ | 6 |
| ਸਕੂਲ ਵਿਚ ਦੰਦਾਂ ਦਿਆਂ ਸੇਵਾਂਵਾ | 7 |
| ਟੀਬੀ ਦੀ ਜਾਂਚ | 7 |
| **ਸਕੂਲ ਦੀਆਂ ਪ੍ਰਕਿਰਿਆਵਾਂ** | **8** |
| ਰਵੱਈਏ ਦੀ ਉਮੀਦ | 8 |
| ਲਾਇਬ੍ਰੇਰੀ | 8 |
| ਕੀਮਤੀ ਵਸਤਾਂ | 9 |
| ਗੁੰਮ ਸਮਾਨ | 9 |
| ਲੇਬਲਿੰਗ | 9 |
| ਪਹਿਰਾਵਾ | 9 |
| ਹੈਟ | 9 |
| ਸਕੂਲ ਲਈ ਢੁੱਕਵੇ ਕੱਪੜੇ | 10 |
| **ਭੋਜਨ ਅਤੇ ਪੋਸ਼ਣ** | **10** |
| ਛੋਟੀਆਂ ਬ੍ਰੇਕਾ | 10 |
| ਦੁਪਹਿਰ ਦਾ ਖਾਣਾ | 10 |
| ਐਲਰਜੀ | 10 |
| **ਮਾਪਿਆਂ ਦੀ ਸ਼ਮੂਲੀਅਤ** | **11** |
| ਪਾਠਕ | 11 |
| ਘਰ ਦਾ ਕੰਮ | 11 |
| ਸਮਾਚਾਰ ਪਤਰ ਤੇ ਨੋਟਸ | 11 |
| ਡਾਇਰੀਆਂ ਅਤੇ ਸੰਚਾਰ ਕਿਤਾਬਾਂ | 11 |
| ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਰਿਪੋਰਟ ਕਰਨਾ | 11 |
| **ਸਕੂਲ ਦੀਆਂ ਫੀਸਾਂ** | **11** |
| ਸਕੂਲ ਕਾਰਡ | 11 |
| Canteen List | 12 |